# ਬੁਰੀ ਤਰ੍ਹਾਂ ਜ਼ਖਮੀ ਹੋਏ ਬੱਚਿਆਂ ਨੂੰ ਅਦਾਲਤ ਵਲੋਂ ਦਿੱਤੇ ਮੁਆਵਜ਼ੇ (ਅਵਾਰਡਜ਼)

PUBLIC GUARDIAN AND TRUSTEE OF BRITISH COLUMBIA

ਤੁਹਾਡੇ ਬੱਚੇ ਦਾ ਟਰੱਸਟ ਫੰਡ

## ਬੁਰੀ ਤਰ੍ਹਾਂ ਜ਼ਖਮੀ ਹੋਣ ਦੇ ਨਤੀਜੇ ਵਜੋਂ ਮੁਆਵਜ਼ਾ (ਅਵਾਰਡ)

ਬੁਰੀ ਤਰ੍ਹਾਂ ਜ਼ਖਮੀ ਹੋਏ ਬੱਚਿਆਂ ਦੇ ਟਰੱਸਟ ਵਿਚਲੇ ਪੈਸਿਆਂ ਦਾ ਪ੍ਰਬੰਧ ਵੀ ਉਨ੍ਹਾਂ ਹੀ ਅਸੂਲਾਂ ਦੇ ਅਧਾਰ 'ਤੇ ਕੀਤਾ ਜਾਂਦਾ ਹੈ ਜਿਨ੍ਹਾਂ ਅਧੀਨ ਦੂਜੇ ਟਰੱਸਟਾਂ ਦਾ। ਪਰ, ਇਨ੍ਹਾਂ ਟਰੱਸਟਾਂ ਦੇ ਵੱਖਰੇ ਮਕਸਦ ਅਤੇ ਰਕਮ ਕਾਰਨ, ਇਨ੍ਹਾਂ ਦਾ ਪ੍ਰਬੰਧ ਕਾਫੀ ਜ਼ਿਆਦਾ ਗੁੰਝਲਦਾਰ ਹੁੰਦਾ ਹੈ।

## ਆਪਣੇ ਟਰੱਸਟ ਮੈਨੇਜਰ ਨਾਲ ਰਿਸ਼ਤਾ ਕਾਇਮ ਕਰਨਾ

ਤੁਹਾਨੂੰ ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ ਭੇਜਣ ਦੇ ਛੇਤੀ ਬਾਅਦ, ਤੁਹਾਡੇ ਵਾਸਤੇ ਇਕ ਟਰੱਸਟ ਮੈਨੇਜਰ ਨਿਯੁਕਤ ਕੀਤਾ ਜਾਵੇਗਾ ਜਿਹੜਾ ਤੁਹਾਡੇ ਨਾਲ ਮਿਲਣ ਵਾਸਤੇ ਤੁਹਾਨੂੰ ਸੰਪਰਕ ਕਰੇਗਾ।

ਤੁਹਾਡੇ ਨਾਲ ਮਿਲਣ ਤੋਂ ਪਹਿਲਾਂ, ਤੁਹਾਡਾ ਟਰੱਸਟ ਮੈਨੇਜਰ ਤੁਹਾਡੇ ਬੱਚੇ ਦੇ ਕੇਸ ਸਬੰਧੀ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਸੁਪਰੀਮ ਕੋਰਟ ਨੂੰ ਦਿੱਤੀ ਰੀਪੋਰਟ ਪੜ੍ਹੇਗਾ। ਇਸ ਰੀਪੋਰਟ ਵਿੱਚ ਮੁਕੱਦਮੇ ਦੇ ਤੱਥਾਂ ਦਾ ਸਾਰਅੰਸ਼ ਦਿੱਤਾ ਗਿਆ ਹੁੰਦਾ ਹੈ ਅਤੇ ਤੁਹਾਡੇ ਬੱਚੇ ਦੇ ਲੱਗੀਆਂ ਸੱਟਾਂ, ਅਤੇ ਪੀੜ ਅਤੇ ਦੁੱਖ ਦੇ ਮੁਆਵਜ਼ੇ ਵਜੋਂ ਦਿੱਤੀ ਰਕਮ, ਸੰਭਾਲ ਦਾ ਖਰਚਾ, ਕਮਾਈ ਕਰਨ ਤੋਂ ਪਿਆ ਘਾਟਾ, ਆਦਿ ਬਾਰੇ ਦੱਸਿਆ ਹੁੰਦਾ ਹੈ । ਰੀਪੋਰਟ ਦੂਜੀਆਂ ਰੀਪੋਰਟਾਂ ਦਾ ਹਵਾਲਾ ਵੀ ਦੇ ਸਕਦੀ ਹੈ ਜਿਵੇਂ ਕਿ ਸੰਭਾਲ ਦੇ ਖਰਚੇ ਦੀ ਰੀਪੋਰਟ।

ਤੁਹਾਡੀ ਪਹਿਲੀ ਮਿਲਣੀ (ਅਪੁਆਇੰਟਮੈਂਟ) ਦੌਰਾਨ, ਤੁਹਾਡਾ ਟਰੱਸਟ ਮੈਨੇਜਰ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਜਾਨਣਾ ਸ਼ੁਰੂ ਕਰੇਗਾ। ਇਸ ਸਮੇਂ ਸੰਭਵ ਹੈ ਕਿ ਤੁਸੀਂ ਇਸ ਗੱਲ ਦਾ ਫੈਸਲਾ ਕਰ ਰਹੇ ਹੋਵੋ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਬੱਚੇ ਨੂੰ ਕਿਹੜੀਆਂ ਸੇਵਾਵਾਂ ਅਤੇ ਸਹਾਇਤਾ ਦੇ ਸਕਦੇ ਹੋ ਅਤੇ ਕਿਹੜੀਆਂ ਸੇਵਾਵਾਂ ਵਾਸਤੇ ਪੇਸ਼ਾਵਰ ਸੇਵਾਵਾਂ ਦੇਣ ਵਾਲਿਆਂ ਦੀ ਜ਼ਰੂਰਤ ਹੈ। ਤੁਹਾਨੂੰ ਇਨ੍ਹਾਂ ਗੱਲਾਂ ਬਾਰੇ ਆਪਣੇ ਟਰੱਸਟ ਮੈਨੇਜਰ ਨਾਲ ਵਿਚਾਰ ਕਰਨੀ ਚਾਹੀਦੀ ਹੈ, ਅਤੇ ਉਹ ਨਿਸ਼ਾਨੇ ਦੱਸਣੇ ਚਾਹੀਦੇ ਹਨ ਜਿਹੜੇ ਤੁਹਾਡੇ ਬੱਚੇ ਵਾਸਤੇ ਤਹਿ ਕੀਤੇ ਗਏ ਹਨ।

ਤੁਹਾਡਾ ਟਰੱਸਟ ਮੈਨੇਜਰ ਤੁਹਾਡੇ ਬੱਚੇ ਦੇ 19 ਸਾਲ ਦਾ ਹੋਣ ਤੱਕ ਉਸ ਦੇ ਟਰੱਸਟ ਦੇ ਖਾਤੇ ਦੀ ਠੀਕ ਤਰ੍ਹਾਂ ਦੇਖਭਾਲ ਕਰਨ ਲਈ ਜ਼ਿੰਮੇਵਾਰ ਹੈ। ਇਸ ਕੰਮ ਲਈ ਸਲਾਨਾ ਬੱਜਟ ਬਣਾਉਣ ਦੀ ਅਤੇ ਲੰਮੇ ਸਮੇਂ ਦੇ ਅੰਦਾਜ਼ਣ ਖਰਚਿਆਂ ਬਾਰੇ ਵਿਉਂਤ ਬਣਾਉਣ ਦੀ ਜ਼ਰੂਰਤ ਹੈ। ਟਰੱਸਟ ਮੈਨੇਜਰ ਵਿਚਾਰ ਕਰਦਾ ਹੈ ਕਿ ਤੁਹਾਡੇ ਬੱਚੇ ਵਾਸਤੇ ਕਿਹੜੇ ਨਿਵੇਸ਼ ਸਭ ਤੋਂ ਵੱਧ ਲਾਹੇਵੰਦ ਹੋਣਗੇ, ਅਤੇ ਉਹ ਤੁਹਾਡੇ ਬੱਚੇ ਦੇ ਪੈਸਿਆਂ ਤੋਂ ਵਿਆਜ ਨਾਲ ਕਮਾਈ ਕਰਨ ਦੀ ਲੋੜ ਅਤੇ ਬੱਚੇ ਦੀ ਸਿਹਤ ਦੀ ਮੁੜ ਬਹਾਲੀ ਅਤੇ ਉਸ ਦੇ ਫਾਇਦੇ ਲਈ ਕੰਮ ਕਰਨ ਦੀ ਲੋੜ ਵਿੱਚ ਇਕ ਸਮਾਨਤਾ ਕਾਇਮ ਕਰਨ ਦੀ ਕੋਸ਼ਿਸ਼ ਕਰਦਾ ਹੈ।

ਤੁਸੀਂ ਅਤੇ ਤੁਹਾਡੇ ਬੱਚੇ ਦਾ ਟਰੱਸਟ ਮੈਨੇਜਰ ਇਹ ਬੱਜਟ ਤਿਆਰ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਦੇ ਹੋ। ਤੁਸੀਂ ਮਿਲ ਕੇ ਇਹ ਯਕੀਨੀ ਬਣਾਉਣ ਲਈ ਫੈਸਲੇ ਕਰੋਗੇ ਕਿ ਸਮਝੌਤੇ ਅਨੁਸਾਰ ਜਾਂ ਅਦਾਲਤ ਵਲੋਂ ਦਿੱਤੇ ਮੁਆਵਜ਼ੇ ਦੀ ਰਕਮ ਦੀ ਹੱਦ ਅੰਦਰ ਰਹਿੰਦਿਆਂ ਇਹ ਤੁਹਾਡੇ ਬੱਚੇ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਕਰੇ।

## ਬੱਜਟ ਤਿਆਰ ਕਰਨਾ

ਜਦੋਂ ਬੱਜਟ ਤਿਆਰ ਕਰ ਰਹੇ ਹੋਵੋ, ਤਾਂ ਇਹ ਗੱਲ ਵਿਚਾਰਨੀ ਕਾਫੀ ਮਹੱਤਵਪੂਰਨ ਹੈ ਕਿ ਅਦਾਲਤ ਨੇ ਮੁਕੱਦਮੇ ਰਾਹੀਂ ਮਿਲਣ ਵਾਲੀ ਰਕਮ ਨੂੰ ਖਰਚਣ ਬਾਰੇ ਕੀ ਸੋਚਿਆ ਹੋਵੇਗਾ। ਇਸ ਗੱਲ ਦੇ ਨਿਰਨੇ ਵਾਸਤੇ ਟਰੱਸਟ ਮੈਨੇਜਰ ਹੇਠ ਲਿਖੀਆਂ ਗੱਲਾਂ ਦੇਖਦਾ ਹੈ:

- ਸੰਭਾਲ ਦੇ ਖਰਚੇ ਦੀਆਂ ਰੀਪੋਰਟਾਂ

- ਅਦਾਲਤ ਵਲੋਂ ਹੱਕ ਵਿੱਚ ਫੈਸਲਾ ਦੇਣ ਦੇ ਕਾਰਨ (ਜੇ ਕੋਈ ਹੋਣ ਤਾਂ)
- ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਅਦਾਲਤ ਨੂੰ ਦਿੱਤੇ ਸੁਝਾਅ (ਜੇ ਕੋਈ ਹੋਣ ਤਾਂ)
- ਬਾਹਰਲੇ ਕੇਸ ਮੈਨੇਜਰ ਦੀਆਂ ਕੋਈ ਵੀ ਰੀਪੋਰਟਾਂ
- ਟਰੱਸਟ ਸਬੰਧੀ ਆਰਥਿਕ ਭਵਿੱਖਬਾਣੀਆਂ

ਤੁਹਾਡਾ ਟਰੱਸਟ ਮੈਨੇਜਰ ਦੂਜੇ ਪਰਿਵਾਰਾਂ ਨਾਲ ਕੰਮ ਕਰਨ ਦੇ ਤਜਰਬੇ ਤੋਂ ਜਾਣਦਾ ਹੈ ਕਿ ਜਦੋਂ ਬੱਚਾ ਗੰਭੀਰ ਤੌਰ 'ਤੇ ਜ਼ਖਮੀ ਹੋ ਜਾਵੇ ਤਾਂ ਉਸ ਨਾਲ ਵਾਪਰੀਆਂ ਤਬਦੀਲੀਆਂ ਨਾਲ ਦੋ ਚਾਰ ਹੋਣਾ ਕਿੰਨਾ ਔਖਾ ਕੰਮ ਹੁੰਦਾ ਹੈ। ਸਾਡਾ ਨਿਸ਼ਾਨਾ ਤੁਹਾਨੂੰ ਉਹ ਸਾਰੀ ਲੋੜੀਂਦੀ ਸਹਾਇਤਾ ਦੁਆਉਣਾ ਹੈ ਜਿਸ ਨਾਲ ਤੁਹਾਡੇ ਬੱਚੇ ਨੂੰ ਜੀਵਨ ਦਾ ਵੱਧ ਤੋਂ ਵੱਧ ਆਨੰਦ ਪ੍ਰਾਪਤ ਹੋ ਸਕੇ ਅਤੇ ਉਸ ਦਾ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਨਾਲ ਰਿਸ਼ਤਾ ਸੁਖਾਵਾਂ ਹੋ ਸਕੇ।

ਆਪਣੇ ਬੱਚੇ ਦੇ ਟਰੱਸਟ ਮੈਨੇਜਰ ਨਾਲ ਜਿਹੜੇ ਵਿਸ਼ਿਆਂ ਬਾਰੇ ਤੁਸੀਂ ਗੱਲਬਾਤ ਕਰਨੀ ਚਾਹੋਗੇ, ਉਨ੍ਹਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਤੁਹਾਡੇ ਬੱਚੇ ਦੀ ਸੰਭਾਲ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ, ਸਾਜ਼ੋ ਸਮਾਨ ਦੀ ਲੋੜ, ਥੈਰੇਪੀਆਂ ਅਤੇ ਹੋਰ ਸਹਾਇਤਾ ਸਮੇਤ
- ਤੁਹਾਡੇ ਬੱਚੇ ਦੇ ਰਹਿਣ ਦੀਆਂ ਵਿਸ਼ੇਸ਼ ਲੋੜਾਂ ਨੂੰ ਕਿਸ ਤਰ੍ਹਾਂ ਪੂਰੀਆਂ ਕੀਤਾ ਜਾਵੇ
- ਮੌਜੂਦਾ ਸਮੇਂ ਜਿਸ ਕਿਸਮ ਦੀ ਸੰਭਾਲ ਅਤੇ ਸਹਾਇਤਾ ਪਰਿਵਾਰ ਦੇਣ ਯੋਗ ਹੈ
- ਤੁਹਾਡੇ ਪਰਿਵਾਰ ਦੀ ਸਥਿਤੀ, ਲੋੜਾਂ ਅਤੇ ਆਸਾਂ
- ਸੰਭਾਲ ਰੀਪੋਰਟਾਂ ਵਿੱਚ ਅੰਕਿਤ ਜਾਣਕਾਰੀ
- ਕੀ ਪੇਸ਼ਾਵਰ ਕੇਸ ਮੈਨੇਜਰ ਦੀ ਲੋੜ ਹੈ ਜਾਂ ਨਹੀਂ
- ਤੁਹਾਡੀ ਕੁਝ ਸਮਾਂ ਸਥਿਤੀ ਤੋਂ ਪਰ੍ਹੇ ਰਹਿ ਆਰਾਮ ਕਰਨ (ਰਿਸਪਾਈਟ) ਦੀ ਲੋੜ
- ਪੈਸਿਆਂ ਦਾ ਮਕਸਦ ਜਿਹੜਾ ਫੈਸਲੇ ਦੇ ਕਾਰਨਾਂ ਵਿੱਚ ਜਾਂ ਸੈਟਲਮੈਂਟ ਦਸਤਾਵੇਜ਼ ਵਿੱਚ ਦੱਸਿਆ ਗਿਆ ਹੋਵੇ।
- ਕਮਿਊਨਿਟੀ ਵਿੱਚ ਮਿਲਣ ਵਾਲੇ ਵਸੀਲੇ
- ਟਰੱਸਟ ਵਿਚਲੀ ਰਕਮ
- ਟਰੱਸਟ ਦੇ ਭਵਿੱਖ ਵਾਸਤੇ ਆਰਥਿਕ ਅੰਦਾਜ਼ੇ
- ਨਿਵੇਸ਼ ਦੀਆਂ ਸੰਭਵਾਨਾਵਾਂ
- ਟੈਕਸ ਬਾਰੇ ਰੀਪੋਰਟ ਕਰਨ ਦੀਆਂ ਲੋੜਾਂ

ਤੁਹਾਡੇ ਨਾਲ ਮਿਲਣ ਤੋਂ ਬਾਅਦ ਤੁਹਾਡਾ ਟਰੱਸਟ ਮੈਨੇਜਰ ਤੁਹਾਡੇ ਵਿਚਾਰਨ ਵਾਸਤੇ ਇਕ ਡਰਾਫਟ (ਕੱਚਾ) ਬੱਜਟ ਤਿਆਰ ਕਰੇਗਾ। ਬੱਜਟ ਵਿੱਚ ਇਨ੍ਹਾਂ ਗੱਲਾਂ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ:

- ਬੱਚੇ ਦੇ ਟਰੱਸਟ ਤੋਂ ਕਿਹੜੇ ਖਰਚੇ ਭਰੇ ਜਾਣਗੇ

- ਟਰੱਸਟ ਵਿਚੋਂ ਪੈਸੇ ਦੇਣ ਦੀਆਂ ਤਰੀਕਾਂ ਬਾਰੇ
- ਪੈਸੇ ਕਿਸ ਨੂੰ ਮਿਲਣਗੇ
- ਮਿਲੇ ਪੈਸਿਆਂ ਨਾਲ ਕਿਹੜੇ ਖਰਚੇ ਭਰੇ ਜਾਣਗੇ
- ਬੱਚੇ ਦੀ ਸਹਾਇਤਾ ਵਾਸਤੇ ਪੈਸਿਆਂ ਦੇ ਹੋਰ ਸੋਮੇ, ਅਤੇ
- ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਫੀਸ

ਅਖੀਰ ਵਿੱਚ ਜਿਹੜਾ ਬੱਜਟ ਤੁਸੀਂ ਅਤੇ ਤੁਹਾਡਾ ਟਰੱਸਟ ਮੈਨੇਜਰ ਪਾਸ ਕਰੋਗੇ ਉਹ ਤੁਹਾਡੇ ਬੱਚੇ ਦੇ ਟਰੱਸਟ ਦੇ ਪੈਸਿਆਂ ਦਾ ਪ੍ਰਬੰਧ ਕਰਨ ਲਈ ਇਕ ਗਾਈਡ ਹੋਵੇਗੀ । ਇਸ ਨੂੰ ਸਾਲਾਨਾ ਪੱਧਰ ਉੱਤੇ ਰੀਵਿਊ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ। ਜੇ ਕਿਸੇ ਵੀ ਸਮੇਂ ਤੁਸੀਂ ਮਹਿਸੂਸ ਕਰੋ ਕਿ ਇਹ ਤੁਹਾਡੇ ਬੱਚੇ ਦੀਆਂ ਲੋੜਾਂ ਦੀ ਪੂਰਤੀ ਪੂਰੀ ਤਰ੍ਹਾਂ ਨਹੀਂ ਕਰ ਰਿਹਾ ਤਾਂ ਤੁਸੀਂ ਆਪਣੇ ਟਰੱਸਟ ਮੈਨੇਜਰ ਨੂੰ ਰੀਵਿਊ ਕਰਨ ਵਾਸਤੇ ਕਹਿ ਸਕਦੇ ਹੋ।

## ਵਿਸ਼ੇਸ਼ ਬੇਨਤੀਆਂ

ਕਈ ਵਾਰੀ ਕਈ ਕਾਰਨਾਂ ਕਰਕੇ ਪਰਿਵਾਰਾਂ ਨੂੰ ਟਰੱਸਟ ਦੇ ਬੱਜਟ ਵਿੱਚ ਪਹਿਲਾਂ ਰੱਖੇ ਗਏ ਪੈਸਿਆਂ ਤੋਂ ਵਾਧੂ ਪੈਸੇ ਮੰਗਣ ਦੀ ਲੋੜ ਪੈ ਜਾਂਦੀ ਹੈ। ਇਹ ਬੇਨਤੀਆਂ ਆਪਣੇ ਟਰੱਸਟ ਮੈਨੇਜਰ ਨਾਲ ਵਿਚਾਰੋ। ਤੁਹਾਡਾ ਟਰੱਸਟ ਮੈਨੇਜਰ ਇਸ ਗੱਲ 'ਤੇ ਵਿਚਾਰ ਕਰੇਗਾ ਕਿ ਕੀ ਤੁਹਡੇ ਬੱਚੇ ਦਾ ਟਰੱਸਟ ਇਹ ਨਵਾਂ ਖਰਚਾ ਸਹਿ ਸਕਦਾ ਹੈ ਕਿ ਨਹੀਂ, ਜੇ ਇਹ ਕਿਸੇ ਉਸ ਮਕਸਦ ਲਈ ਹੋਵੇ ਜਿਸ ਨੂੰ ਅਦਾਲਤ ਦੇ ਫੈਸਲੇ ਵਿੱਚ ਮਾਨਤਾ ਦਿੱਤੀ ਗਈ ਹੋਵੇ ਅਤੇ ਇਸ ਨਾਲ ਤੁਹਾਡੇ ਬੱਚੇ ਨੂੰ ਫਾਇਦਾ ਹੋਣਾ ਹੋਵੇ। ਇਸ ਨੂੰ ਇਕ ਵਾਰ ਰੀਵਿਊ ਕਰ ਲੈਣ ਬਾਅਦ ਇਸ ਬਾਰੇ ਫੈਸਲਾ ਲੈ ਲਿਆ ਜਾਵੇਗਾ। ਹੋਰ ਜਾਣਕਾਰੀ ਵਾਸਤੇ ਦੇਖੋ "ਪੈਸਿਆਂ ਤੱਕ ਪਹੁੰਚ"।

## ਕੇਸ ਦਾ ਪ੍ਰਬੰਧ (ਮੈਨੇਜਮੈਂਟ)

ਤੁਹਾਡੇ ਬੱਚੇ ਦੀਆਂ ਸੰਭਾਲ ਵਾਸਤੇ ਬਹੁਤ ਸਾਰੀਆਂ ਲੋੜਾਂ ਹੋ ਸਕਦੀਆਂ ਹਨ। ਜਦ ਕਿ ਕਈ ਮਾਪੇ ਆਪਣੇ ਬੱਚੇ ਦੀ ਸੰਭਾਲ ਦਾ ਪ੍ਰਬੰਧ ਖੁਦ ਹੀ ਕਰਦੇ ਹਨ, ਇਸ ਕਿਸਮ ਦੀਆਂ ਸਥਿਤੀਆਂ ਵੀ ਹੁੰਦੀਆਂ ਹਨ ਜਿੱਥੇ ਪੇਸ਼ਾਵਰ ਕੇਸ ਮੈਨੇਜਰ ਦੀ ਲੋੜ ਪੈ ਸਕਦੀ ਹੈ। ਕੇਸ ਮੈਨੇਜਰ ਲੋੜੀਂਦੀਆਂ ਸੇਵਾਵਾਂ ਦਾ ਜਾਇਜ਼ਾ ਲੈਂਦਾ ਹੈ, ਅਤੇ ਉਨ੍ਹਾਂ ਵਿੱਚ ਤਾਲਮੇਲ ਰੱਖਦਾ ਹੈ ਅਤੇ ਉਨ੍ਹਾਂ ਦਾ ਪ੍ਰਬੰਧ ਕਰਦਾ ਹੈ ਅਤੇ ਕਈ ਵਾਰੀ ਬੱਚੇ ਨੂੰ ਲੋੜੀਂਦੀਆਂ ਸੇਵਾਵਾਂ ਵੀ ਦਿੰਦਾ ਹੈ ਜਿਵੇਂ ਕਿ ਪੜ੍ਹਾਉਣਾ (ਟਿਉਟਰਿੰਗ), ਫਿਜ਼ਿਓਥੈਰਾਪੀ, ਜੀਵਨ ਜਾਚਾਂ ਦੀ ਸਿੱਖਿਆ ਆਦਿ। ਕੇਸ ਮੈਨੇਜਰ ਦੀ ਲੋੜ ਥੋੜ੍ਹੇ ਸਮੇਂ ਲਈ ਵੀ ਹੋ ਸਕਦੀ ਹੈ ਜਾਂ, ਬੱਚੇ ਦੀਆਂ ਲੋੜਾਂ ਅਤੇ ਮਾਪਿਆਂ ਵਿੱਚ ਕੰਮ ਕਰਨ ਦੀ ਹਿੰਮਤ (ਐਨਰਜੀ), ਉਹਨਾਂ ਦੀ ਜਾਚ, ਅਤੇ/ਜਾਂ ਹੁਨਰ ਦੇ ਅਧਾਰ 'ਤੇ ਕੇਸ ਮੈਨੇਜਰ ਦੀ ਲੋੜ ਲਗਾਤਾਰ ਵੀ ਪੈ ਸਕਦੀ ਹੈ।

ਕੇਸ ਮੈਨੇਜਰ ਦੀ ਲੋੜ ਬਾਰੇ ਤੁਸੀਂ ਆਪਣੇ ਟਰੱਸਟ ਮੈਨੇਜਰ ਨਾਲ ਵਿਚਾਰ ਕਰ ਸਕਦੇ ਹੋ। ਜੇ ਤੁਹਾਡਾ ਹੁਣ ਤੱਕ ਪੇਸ਼ਾਵਰ ਕੇਸ ਮੈਨੇਜਰਾਂ ਨਾਲ ਵਾਹ ਨਾ ਪਿਆ ਹੋਵੇ, ਤੁਹਾਡਾ ਟਰੱਸਟ ਮੈਨੇਜਰ ਤੁਹਾਨੂੰ ਇਨ੍ਹਾਂ ਸੇਵਾਵਾਂ ਤੱਕ ਪਹੁੰਚ ਕਰਨ ਵਾਸਤੇ ਜਾਣਕਾਰੀ ਦੇ ਸਕਦਾ ਹੈ। ਜੇ ਤੁਸੀਂ ਪਹਿਲਾਂ ਹੀ ਪੇਸ਼ਾਵਰ ਕੇਸ ਮੈਨੇਜਰ ਦੀਆਂ ਸੇਵਾਵਾਂ ਲੈ ਰਹੇ ਹੋ ਤਾਂ ਇਸ ਬਾਰੇ ਆਪਣੇ ਟਰੱਸਟ ਮੈਨੇਜਰ ਨੂੰ ਦੱਸ ਦੇਵੋ।

## ਮਾਪਿਆਂ ਨੂੰ ਦਿੱਤੇ ਪੈਸੇ

ਕਈ ਮਾਪੇ ਆਪਣੇ ਬੱਚੇ ਦੀ ਸੰਭਾਲ ਦੀਆਂ ਕਈ ਜ਼ਿੰਮੇਵਾਰੀਆਂ ਚੁੱਕ ਸਕਦੇ ਹਨ ਜਿਹੜੀਆਂ ਆਮ ਤੌਰ 'ਤੇ ਕਿਸੇ ਤੀਜੀ ਧਿਰ ਵਲੋਂ ਪੂਰੀਆਂ ਕੀਤੀਆਂ ਜਾਂਦੀਆਂ ਹੋਣ (ਜਿਵੇਂ ਕਿ ਫਿਜ਼ਿਓਥੈਰਾਪੀ)। ਜੇ ਟਰੱਸਟ ਵਿੱਚ ਲੋੜ ਜੋਗੇ ਪੈਸੇ ਹੋਣ, ਤਾਂ ਪਬਲਿਕ

ਗਾਰਡੀਅਨ ਅਤੇ ਟਰੱਸਟੀ ਮਾਪਿਆਂ ਨੂੰ ਉਨ੍ਹਾਂ ਕੰਮਾਂ ਲਈ ਪੈਸੇ ਦੇਣ ’ਤੇ ਵਿਚਾਰ ਕਰ ਸਕਦੇ ਹਨ ਜਿਹੜੇ ਕੰਮ ਮਾਪਿਆਂ ਦੇ ਆਮ ਫਰਜ਼ਾਂ ਤੋਂ ਉੱਪਰ ਅਤੇ ਵਾਧੂ ਹੋਣ। ਇਨ੍ਹਾਂ ਫਰਜ਼ਾਂ ਲਈ ਦਿੱਤੇ ਜਾਣ ਵਾਲੇ ਪੈਸੇ ਇਸ ਗੱਲ ’ਤੇ ਅਧਾਰਤ ਹੋਣਗੇ ਕਿ ਟਰੱਸਟ ਕਿੰਨਾ ਕੁ ਖਰਚ ਝੱਲ ਸਕਦਾ ਹੈ, ਅਤੇ ਮਾਪਿਆਂ ਵਲੋਂ ਦਿੱਤੀ ਜਾ ਰਹੀ ਸੰਭਾਲ ਦੀ ਕਿਸਮ ਤੇ ਪੱਧਰ ਕੀ ਹੈ।

## ਆਪਣੇ ਬੱਚੇ ਦੇ ਪੈਸਿਆਂ ਦਾ ਨਿਵੇਸ਼ ਕਰਨਾ

ਤੁਹਾਡੇ ਬੱਚੇ ਨੂੰ ਮਿਲੇ ਪੈਸਿਆਂ ਅਤੇ ਉਸ ਦੀਆਂ ਲੋੜਾਂ ਦੇ ਆਧਾਰ ਉੱਤੇ ਤੁਹਾਡਾ ਟਰੱਸਟ ਮੈਨੇਜਰ ਤੁਹਾਡੇ ਨਾਲ ਮਿਲ਼ ਕੇ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕੰਮ ਕਰੇਗਾ ਕਿ ਤੁਹਾਡੇ ਬੱਚੇ ਦੇ ਪੈਸੇ ਪੂਰੇ ਢੁੱਕਵੇਂ ਤਰੀਕੇ ਨਾਲ ਨਿਵੇਸ਼ ਕੀਤੇ ਜਾਣ। (ਇਸ ਵਾਸਤੇ ਦੇਖੋ ਸੈਕਸ਼ਨ “ਆਪਣੇ ਬੱਚੇ ਦੇ ਪੈਸਿਆਂ ਦਾ ਨਿਵੇਸ਼ ਕਰਨਾ”)।

ਪਬਲਿਕ ਗਾਰਡੀਅਨ ਅਤੇ ਟਰੱਸਟੀ ਕਿਸੇ ਬਾਹਰਲੇ ਪੇਸ਼ਾਵਰ ਨਿਵੇਸ਼ਕਾਰ ਦੀਆਂ ਸੇਵਾਵਾਂ ਲੈਣ ਦਾ ਸੁਝਾਅ ਵੀ ਦੇ ਸਕਦਾ ਹੈ ਜੇ ਨਿਵੇਸ਼ ਕਰਨ ਵਾਲੀ ਰਕਮ ਵੱਡੀ ਹੋਵੇ, ਆਮ ਤੌਰ ’ਤੇ $500,000 ਤੋਂ ਜ਼ਿਆਦਾ ਰਕਮ ਲਈ। ਇਹ ਸੁਝਾਅ ਰੀਵਿਊ ਦੇ ਅਮਲ ਤੋਂ ਬਾਅਦ ਦਿੱਤਾ ਜਾਵੇਗਾ ਜਿਸ ਵਿੱਚ ਹੇਠ ਲਿਖੇ ਕਦਮ ਸ਼ਾਮਲ ਹੋਣਗੇ:

1. ਬੱਚੇ ਦੇ ਪੈਸੇ ਨਿਵੇਸ਼ ਕਰਨ ਦੀਆਂ ਕੋਈ ਵੀ ਵਿਸ਼ੇਸ਼ ਸਥਿਤੀਆਂ, ਜਿਵੇਂ ਕਿ ਜ਼ਖਮੀ ਹੋਣ ਬਾਅਦ ਸੰਭਾਲ ਦੀਆਂ ਲੋੜਾਂ ਜਾਂ ਕਰਨ ਵਾਲੀ ਕਮਾਈ ਦੇ ਗੁਆਚੇ ਮੌਕਿਆਂ ਦਾ ਮੁਆਵਜ਼ਾ।
2. ਬੱਚੇ ਦੇ ਨਿਵੇਸ਼ ਦੀ ਨੀਤੀ ਤਿਆਰ ਕਰਨੀ ਜਿਸ ਵਿੱਚ ਬੱਚੇ ਦੇ ਨਿਵੇਸ਼ ਦੇ ਨਿਸ਼ਾਨੇ ਅਤੇ ਨਿਵੇਸ਼ ਦੀਆਂ ਸ਼ਰਤਾਂ ਅਤੇ ਲੋੜਾਂ ਦੀ ਵਿਆਖਿਆ ਸ਼ਾਮਲ ਹੋਵੇ।
3. ਨਿਵੇਸ਼ ਮੈਨੇਜਰ ਦੀ ਤਜਵੀਜ਼ ਦਾ ਰੀਵਿਊ
4. ਬਾਹਰਲੇ ਨਿਵੇਸ਼ ਮੈਨੇਜਰ ਦੀ ਚੋਣ
5. ਨਿਵੇਸ਼ ਸੂਚੀ (ਪੋਰਟਫੋਲੀਓ) ਅਤੇ ਕਾਰਗੁਜ਼ਾਰੀ ਦੀ ਲਗਾਤਾਰ ਨਿਗਰਾਨੀ
6. ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਨਿਵੇਸ਼ ਮੈਨੇਜਰ ਵਲੋਂ ਅਤੇ ਮਾਪੇ ਜਾਂ ਸਰਪਰੱਸਤ ਵਲੋਂ ਬੱਚੇ ਦੀ ਨਿਵੇਸ਼ ਨੀਤੀ ਦਾ ਸਲਾਨਾ ਰੀਵਿਊ

## ਪਰਿਵਾਰ ਦੀ ਸ਼ਮੂਲੀਅਤ

ਜਦੋਂ ਸਭ ਤੋਂ ਸੂਝ ਵਾਲਾ ਬਦਲ ਇਕ ਬਾਹਰਲਾ ਨਿਵੇਸ਼ ਮੈਨੇਜਰ ਹੋਵੇ, ਬੱਚੇ ਦੇ ਮਾਪੇ ਜਾਂ ਸਰਪਰੱਸਤ ਇਸ ਅਮਲ ਵਿੱਚ ਸ਼ਾਮਲ ਹੁੰਦੇ ਹਨ। ਇਸ ਅਮਲ ਵਿੱਚ ਨਿਵੇਸ਼ ਨੀਤੀ ਦੀ ਤਿਆਰੀ ਵਿੱਚ ਯੋਗਦਾਨ, ਅਤੇ ਸਭ ਤੋਂ ਢੁੱਕਵੇਂ ਬਾਹਰਲੇ ਨਿਵੇਸ਼ ਮੈਨੇਜਰ ਦੀ ਚੋਣ ਸ਼ਾਮਲ ਹੋ ਸਕਦੇ ਹਨ।

## ਨਿਵੇਸ਼ ਦੀ ਕਾਰਗੁਜ਼ਾਰੀ ਅਤੇ ਰੀਪੋਰਟ ਕਰਨੀ

ਬਾਹਰਲੇ ਨਿਵੇਸ਼ ਮੈਨੇਜਰ ਦੇ ਪ੍ਰਬੰਧ ਹੇਠਲੇ ਬੱਚਿਆਂ ਦੇ ਸਾਰੇ ਫੰਡਾਂ ਲਈ ਫੰਡ ਵਿਚਲੇ ਪੈਸਿਆਂ, ਲੈਣ-ਦੇਣ ਅਤੇ ਨਿਵੇਸ਼ ਦੀ ਕਾਰਗੁਜ਼ਾਰੀ ਬਾਰੇ ਬਕਾਇਦਗੀ ਨਾਲ ਰੀਪੋਰਟ ਕਰਨੀ ਜ਼ਰੂਰੀ ਹੁੰਦੀ ਹੈ। ਲਗਾਤਾਰ ਨਿਵੇਸ਼ ਸੂਚੀ (ਪੋਰਟਫੋਲੀਓ) ਦੀ ਕਾਰਗੁਜ਼ਾਰੀ ਦੀ ਨਿਵੇਸ਼ ਨੀਤੀ ਵਿੱਚ ਤਹਿ ਕੀਤੇ ਮਿਆਰਾਂ ਨਾਲ ਤੁਲਨਾ ਕੀਤੀ ਜਾਂਦੀ ਹੈ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਮਿੱਥੇ ਨਿਸ਼ਾਨੇ ਪ੍ਰਾਪਤ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਟਰੱਸਟ ਮੈਨੇਜਰ ਨੂੰ ਬਕਾਇਦਗੀ ਨਾਲ ਦਿੱਤੀ ਜਾਂਦੀ ਹੈ।

## ਵੱਡੀਆਂ ਖ਼੍ਰੀਦਦਾਰੀਆਂ – ਘਰਾਂ ਸਬੰਧੀ

ਆਪਣੇ ਗੰਭੀਰ ਜ਼ਖਮੀ ਹੋਏ ਬੱਚੇ ਵਾਸਤੇ ਰਹਿਣ ਲਈ ਸਹੀ ਵਾਤਾਵਰਨ ਉਪਲੱਬਧ ਕਰਵਾਉਣ ਲਈ ਕਈ ਵਾਰੀ ਪਰਿਵਾਰਾਂ ਨੂੰ ਆਪਣੇ ਘਰਾਂ ਵਿੱਚ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ ਜਾਂ ਕਈ ਵਾਰੀ ਤਾਂ ਹੋਰ ਢੁੱਕਵੇਂ ਨਵੇਂ ਘਰਾਂ ਵਿੱਚ ਰਹਿਣ ਲਈ ਵੀ ਜਾਣਾ ਪੈਂਦਾ ਹੈ। ਘਰਾਂ ਬਾਰੇ ਫੈਸਲਿਆਂ ਵਿੱਚ ਤੁਹਾਡੇ ਬੱਚੇ ਦੇ ਟਰੱਸਟ ਫੰਡ ਵਿਚੋਂ ਕਾਫੀ ਵੱਡੇ ਖਰਚੇ ਕਰਨ ਦੀ ਲੋੜ ਹੋ ਸਕਦੀ ਹੈ, ਅਤੇ ਇਸ ਵੱਡੇ ਖਰਚੇ ਲਈ ਫੰਡ ਵਿੱਚੋਂ ਪੈਸੇ ਕੱਢੇ ਜਾਣ ਤੋਂ ਪਹਿਲਾਂ ਕਈ ਕਿਸਮ ਦੀਆਂ ਗੱਲਾਂ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਲੋੜ ਪੈਂਦੀ ਹੈ।

ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸਬੰਧਤ ਮਸਲੇ ਵਲਾਂ ਸੰਕੇਤ ਕਰਨ ਵਾਲੇ ਅਦਾਲਤ ਦੇ ਹੁਕਮ ਜਾਂ ਫੈਸਲੇ ਦੇ ਕਾਰਨ
- ਪੈਸੇ ਵਰਤਣ ਦੇ ਮੁੱਢਲੇ ਇਰਾਦੇ
- ਬੱਚੇ ਦੀ ਸਿਹਤ ਅਤੇ ਸੁਰੱਖਿਆ
- ਬੱਚੇ ਨੂੰ ਹੋਣ ਵਾਲੇ ਜਿਸਮਾਨੀ ਜਾਂ ਭਾਵਾਤਮਕ ਫਾਇਦੇ
- ਬੱਚੇ ਦੀ ਮੌਜੂਦਾ ਜਾਂ ਭਵਿੱਖ ਵਿੱਚ ਆਸ ਕੀਤੀ ਜਾਣ ਵਾਲੀ ਯੋਗਤਾ
- ਨਾਲ ਕੰਮ ਕਰ ਰਹੇ ਸਿਹਤ ਸੰਭਾਲ ਦੇ ਵਿਸ਼ੇਸ਼ੱਗਾਂ ਦੇ ਸੁਝਾਅ
- ਪਰਿਵਾਰ ਦੀ ਆਰਥਿਕ ਹਾਲਤ ਅਤੇ ਹੋਰ ਸਥਿਤੀਆਂ
- ਬੱਚੇ ਦੀ ਆਰਥਿਕ ਸਥਿਤੀ ਅਤੇ ਟਰੱਸਟ ਵਿਚੋਂ ਚੱਲ ਰਹੀਆਂ ਲੋੜਾਂ ਦੀ ਪੂਰਤੀ ਕਰਨ ਦੀ ਯੋਗਤਾ
- ਲਾਗਤ ਬਾਰੇ ਮੁਕਾਬਲਾ ਕਰਕੇ ਦੇਖਣਾ ਕਿ ਨਵਾਂ ਘਰ ਖ਼੍ਰੀਦਣ ’ਚ ਫਾਇਦਾ ਹੋਵੇਗਾ ਜਾਂ ਕਿਰਾਏ ’ਤੇ ਲੈਣ ਵਿੱਚ ਜਾਂ ਹੁਣ ਵਾਲੇ ਘਰ ਵਿੱਚ ਤਬਦੀਲੀਆਂ ਕਰਕੇ।

ਜੇ ਇਹ ਨਿਰਨਾ ਕਰ ਲਿਆ ਜਾਵੇ ਕਿ ਟਰੱਸਟ ਦੇ ਪੈਸੇ ਘਰ ਵਿੱਚ ਤਬਦੀਲੀਆਂ ਲਈ ਜਾਂ ਨਵਾਂ ਘਰ ਖ਼੍ਰੀਦਣ ਲਈ ਵਰਤੇ ਜਾ ਸਕਦੇ ਹਨ ਤਾਂ ਤੁਹਾਡਾ ਟਰੱਸਟ ਮੈਨੇਜਰ  ਤੁਹਾਡੇ ਨਾਲ ਹੋਣ ਵਾਲੇ ਅਮਲ ਬਾਰੇ ਵਿਚਾਰ ਕਰੇਗਾ ਅਤੇ ਘਰ ਵਿੱਚ ਤਬਦੀਲਆਂ ਸਮੇਂ ਜਾਂ ਘਰ ਦੀ ਖ਼੍ਰੀਦ ਸਮੇਂ ਤੁਹਾਡੇ ਨਾਲ ਸ਼ਾਮਲ ਰਹੇਗਾ।

## ਵੱਡੀਆਂ ਖ਼੍ਰੀਦਾਰੀਆਂ – ਗੱਡੀਆਂ (ਵਿਹੀਕਲ)

ਕਈ ਵਾਰੀ ਆਪਣੇ ਬੱਚੇ ਨੂੰ ਲਿਆਉਣ ਅਤੇ ਲਿਜਾਣ ਵਿੱਚ ਪਰਿਵਾਰਾਂ ਨੂੰ ਵਿਸ਼ੇਸ਼ ਗੱਡੀਆਂ ਅਤੇ ਸਾਜ਼ੋ-ਸਮਾਨ ਦੀ ਲੋੜ ਪੈਂਦੀ ਹੈ, ਜਿਵੇਂ ਕਿ ਵ੍ਹੀਲਚੇਅਰ। ਤੁਹਾਡਾ ਟਰੱਸਟ ਮੈਨੇਜਰ  ਇਸ ਕਿਸਮ ਦੀਆਂ ਗੱਡੀਆਂ ਦੀ ਖ਼੍ਰੀਦ ਵਿੱਚ ਕਾਫੀ ਤਜਰਬਾ ਰੱਖਦਾ ਹੁੰਦਾ ਹੈ, ਅਤੇ ਉਨ੍ਹਾਂ ਗੱਡੀਆਂ ਦੀ ਸਿਫਾਰਸ਼ ਕਰ ਸਕਦਾ ਹੈ ਜਿਹੜੀਆਂ ਦੂਜੇ ਪਰਿਵਾਰਾਂ ਵਾਸਤੇ ਤਸੱਲੀਬਖਸ਼ ਰਹੀਆਂ ਹੋਣ, ਜਾਂ ਉਨ੍ਹਾਂ ਥਾਵਾਂ ਦੀ ਦੱਸ ਪਾ ਸਕਦਾ ਹੈ ਜਿੱਥੇ ਅਜਿਹੀਆਂ ਗੱਡੀਆਂ ਨੂੰ ਲੋੜ ਅਨੁਸਾਰ ਤਬਦੀਲ ਕੀਤਾ ਜਾਂਦਾ ਹੋਵੇ।

ਇਹ ਮਸਲੇ ਉਸ ਵੇਲੇ ਵਿਚਾਰੇ ਜਾਣ ਦੀ ਸੰਭਾਵਨਾ ਹੈ ਜਦੋਂ ਤੁਸੀਂ ਆਪਣੇ ਟਰੱਸਟ ਮੈਨੇਜਰ ਨਾਲ ਮਿਲੋਗੇ। ਸੰਭਵ ਹੈ ਕਿ ਤੁਹਾਡੀ ਕੋਈ ਫੌਰੀ ਲੋੜ ਨਾ ਹੋਵੇ, ਪਰ ਜੇ ਕਿਸੇ ਲੋੜ ਦੀ ਭਵਿੱਖ ਵਿੱਚ ਆਸ ਕੀਤੀ ਜਾਂਦੀ ਹੈ ਤਾਂ ਉਸ ਬਾਰੇ ਬੱਜਟ ਦੀ ਤਿਆਰੀ ਸਮੇਂ ਵਿਚਾਰ ਕੀਤਾ ਜਾਵੇਗਾ।

ਜਿਹੜੇ ਵੀ ਖਰਚਿਆਂ ਦੀ ਲੋੜ ਹੋਵੇ, ਸਾਡਾ ਨਿਸ਼ਾਨਾ ਤੁਹਾਡੇ ਨਾਲ ਕੰਮ ਕਰਕੇ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਤੁਹਾਡੇ ਬੱਚੇ ਦੇ ਪੈਸੇ ਉਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਪਲੱਬਧ ਹੋਣ।

PUBLIC GUARDIAN AND TRUSTEE OF BRITISH COLUMBIA

Suite 700 - 808 West Hastings Street,
Vancouver, British Columbia V6C 3L3
ਫੋਨ: 604.775.3480 ਫੈਕਸ: 604.775.5095
ਵੈੱਬਸਾਈਟ: www.trustee.bc.ca

Awards For Children Who Have Been Severely Injured
[Punjabi]